## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 10/62-11 ਅ-1 (6) (ਕੋ:ਸੈਲ(2))
ਮਿਤੀ, ਐਸ.ਏ.ਐਸ.ਨਗਰ :- 11-6-15

ਸ੍ਰੀ ਮਾਈਕਲ ਸਚਦੇਵਾ, ਲੈਕ: ਅੰਗ੍ਰੇਜ਼ੀ, ਸ.ਸ.ਸ.ਸ ਜੰਡਵਾਲਾ, ਮੀਰਾਸਾਂਗਲਾ, ਜ਼ਿਲ੍ਹਾ ਫਿਰੋਜ਼ਪੁਰ ਹੁਣ ਫਾਜ਼ਿਲਕਾ ਜੋ ਮਿਤੀ 20-10-2010 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲਿਆ ਆ ਰਿਹਾ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 7/153/11-5 ਸਿ2/8862 ਮਿਤੀ 18-11-11 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਾਂਮਵਲੀ 1970 ਦੇ ਨਿਯਮ 8 ਅਧੀਨ ਅਤੇ ਪੰਜਾਬ ਸਰਕਾਰ ਆਚਰਣ ਨਿਯਮ 1966 ਦੇ ਉਪਬੰਧਾਂ ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਸ੍ਰੀ ਮਾਈਕਲ ਸਚਦੇਵਾ, ਲੈਕ: ਅੰਗ੍ਰੇਜ਼ੀ, ਸ.ਸ.ਸ.ਸ ਜੰਡਵਾਲਾ, ਮੀਰਾਸਾਂਗਲਾ, ਜ਼ਿਲ੍ਹਾ ਫਿਰੋਜ਼ਪੁਰ ਹੁਣ ਫਾਜ਼ਿਲਕਾ ਵੱਲੋ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਹੁਕਮ ਨੰ: 7/153/2011-5 ਸਿ2/94 ਮਿਤੀ 04-01-12 ਰਾਂਹੀ ਸ਼੍ਰੀਮਤੀ ਪ੍ਰਿਤਪਾਲ ਕੌਰ ਸਿੱਧੂ, ਡਿਪਟੀ ਡਾਇਰੈਕਟਰ (ਫਿਜ਼ੀ: ਐਜੂ), ਦਫਤਰ ਡੀ.ਪੀ.ਆਈ (ਸੈਸਿ), ਪੰਜਾਬ, ਚੰਡੀਗੜ੍ਹ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰੀ ਵਿਰੁੱਧ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ।

ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਮਾਈਕਲ ਸਚਦੇਵਾ, ਲੈਕ: ਅੰਗ੍ਰੇਜ਼ੀ, ਸ.ਸ.ਸ.ਸ ਜੰਡਵਾਲਾ, ਮੀਰਾਸਾਂਗਲਾ, ਜ਼ਿਲ੍ਹਾ ਫਿਰੋਜ਼ਪੁਰ ਹੁਣ ਫਾਜ਼ਿਲਕਾ ਨੂੰ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਾਰਨ ਮਿਤੀ 30-04-2015 ਨੂੰ ਅਜੀਤ ਅਖਬਾਰ ਵਿਚ ਪਬਲਿਕ ਨੋਟਿਸ ਦਿੱਤਾ ਗਿਆ ਅਤੇ ਕਰਮਚਾਰੀ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦਾ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰੀ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰੀ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦਾ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ੍ਰੀ ਮਾਈਕਲ ਸਚਦੇਵਾ, ਲੈਕ: ਅੰਗ੍ਰੇਜ਼ੀ, ਸ.ਸ.ਸ.ਸ ਜੰਡਵਾਲਾ, ਮੀਰਾਸਾਂਗਲਾ, ਜ਼ਿਲ੍ਹਾ ਫਿਰੋਜ਼ਪੁਰ ਹੁਣ ਫਾਜ਼ਿਲਕਾ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 20-10-2010 ਤੋਂ ਹੁਣ ਤੱਕ ਲਗਾਤਾਰ ਸਰਕਾਰੀ ਡਿਊਟੀ ਤੋ ਜਾਣਬੁੱਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5 (viii) ਅਧੀਨ ਉਸ ਦੀਆ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 10720-23 ਮਿਤੀ, ਐਸ.ਏ.ਐਸ.ਨਗਰ : 15/6/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਫਾਜ਼ਿਲਕਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. (ਰਜਿਸਟਰਡ) ਪ੍ਰਿੰਸੀਪਲ, ਸ.ਸ.ਸ.ਸ ਜੰਡਵਾਲਾ, ਮੀਰਾਸਾਂਗਲਾ, ਜ਼ਿਲ੍ਹਾ ਫਾਜ਼ਿਲਕਾ ਨੂੰ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕਰਕੇ ਤਸਦੀਕ ਸ਼ੁਦਾ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ।
4. ਸ੍ਰੀ ਮਾਈਕਲ ਸਚਦੇਵਾ, ਲੈਕ: ਅੰਗ੍ਰੇਜ਼ੀ, ਸ.ਸ.ਸ.ਸ ਜੰਡਵਾਲਾ, ਮੀਰਾਸਾਂਗਲਾ, ਜ਼ਿਲ੍ਹਾ ਫਾਜ਼ਿਲਕਾ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ